

# ਸ਼੍ਰੀ ਦਸਮ ਗ੍ਰੰਥ ਦਾ ਕਰਤ੍ਰਿਤਵ

## (ਪੁਨਰ ਸਮੀਖਿਆ)

ਡਾ. ਹਰਭਜਨ ਸਿੰਘ

**ਇਸ ਲੇਖ ਦੀ ਪੰਜਵੀਂ ਕਿਸ਼ਤ ਤੁਸੀਂ ਮਈ ਅੰਕ ਵਿੱਚ ਪੜ੍ਹ ਚੁੱਕੇ ਹੋ—ਸੰਪਾਦਕ**

ਇਸੇ ਤਰ੍ਹਾਂ *'ਰੁਦ੍ਰਾਵਤਾਰ'* ਦਾ ਸਿਰਲੇਖ ਭਾਈ ਮਨੀ ਸਿੰਘ ਵਾਲੀ ਬੀੜ ਵਿੱਚ ਇਸ ਪ੍ਰਕਾਰ ਹੈ—*"ੴ ਸ੍ਰੀ ਸਤਿਗੁਰ ਪ੍ਰਸਾਦਿ। ਸ੍ਰੀ ਅਕਾਲ ਪੁਰਖ ਜੀ ਪ੍ਰਤਾਪ। ਅਥ ਰੁਦ੍ਰਾਵਤਾਰ ਕਥਨੰ।'* ਇਸੇ ਬਾਣੀ ਦਾ ਪਟਨਾ ਵਾਲੀ ਬੀੜ ਵਿੱਚ ਸਿਰਲੇਖ ਇਸ ਪ੍ਰਕਾਰ ਹੈ—*'ੴ ਸ੍ਰੀ ਅਕਾਲ ਪੁਰਖ ਜੀ ਤਵਪ੍ਰਤਾਪ ਅਥ ਰੁਦ੍ਰਾਵਤਾਰ ਕਥਨੰ ਤੋਮਰ ਛੰਦ ਤ੍ਵਪ੍ਰਸਾਦਿ।'* ਦੋਹਾਂ ਬੀੜਾਂ ਦੇ ਬਾਣੀ-ਕ੍ਰਮ ਦਾ ਅੰਤਰ ਇਨ੍ਹਾਂ ਬੀੜਾਂ ਨੂੰ ਅਸਬੰਧਿਤ ਦਰਸਾਉਣ ਵਾਸਤੇ ਕਾਫ਼ੀ ਹੈ। ਇਸੇ ਤਰ੍ਹਾਂ ਮੋਤੀ ਬਾਗ ਵਾਲੀ ਬੀੜ ਵਿੱਚ ਚਰਿਤ੍ਰੋਪਾਖਿਆਨ ਬਾਣੀ ਦਾ ਸਿਰਲੇਖ ਹੈ—*'ੴ ਸ੍ਰੀ ਭਗਉਤੀਏ ਨਮਹ। ਭੁਜੰਗ ਛੰਦ। ਸ੍ਰੀ ਭਗਵਤੀ ਜੂ ਕਾ ਛੰਦ। ਸ੍ਰੀ ਭਗਵਤੀ ਜੂ ਬਨਾਵਨਾ ਹੈ ਸੰਪੂਰਨ।'* ਪਟਨਾ ਵਾਲੀ ਬੀੜ ਵਿੱਚ ਇਸੇ ਬਾਣੀ ਦਾ ਸਿਰਲੇਖ ਹੈ-ੴ ਸ੍ਰੀ ਭਗਉਤੀਏ ਨਮਹ। ਭੁਜੰਗ ਛੰਦ। ਸ੍ਰੀ ਭਗਵਤੀ ਜੂ ਕਾ ਛੰਦ। ਸ੍ਰੀ ਭਗਵਤੀ *ਜੂ ਬਨਾਵਨਾ ਹੈ ਸੰਪੂਰਨ।'* ਇਹਨਾਂ ਦੋਹਾਂ ਬੀੜਾਂ ਦੇ ਬਾਣੀ-ਕ੍ਰਮ ਵਿੱਚ ਇੰਨਾ ਅੰਤਰ ਹੈ ਕਿ ਇਕ ਬੀੜ ਦੂਜੀ ਬੀੜ ਦੇ ਸੰਪਾਦਨ-ਕਰਤਾ ਦੇ ਸਾਹਮਣੇ ਨਹੀਂ ਹੋ ਸਕਦੀ। ਦੋਹਾਂ ਦਾ ਮੂਲ-ਸ੍ਰੋਤ ਵੀ ਨਿਸ਼ਚਿਤ ਤੌਰ 'ਤੇ ਭਿੰਨ ਹੈ, ਫਿਰ ਵੀ ਸਿਰਲੇਖ ਵਿੱਚ ਸਮਾਨਤਾ ਹੈ। ਇਨ੍ਹਾਂ ਸਿਰਲੇਖਾਂ ਦੀ ਇਕੋ ਮੂਲ-ਭਾਵਨਾ ਅਤੇ ਚਾਰ ਅਸਬੰਧਿਤ ਲਿਖਾਰੀਆਂ ਦਾ ਇਹਨਾਂ ਬਾਣੀਆਂ ਨੂੰ ਗੁਰੂ-ਕ੍ਰਿਤ ਮੰਨਣਾ ਕੋਈ ਸੰਦੇਹ ਨਹੀਂ ਰਹਿਣ ਦੇਂਦਾ, ਕਿ *ਦਸਮ ਗ੍ਰੰਥ* ਦੇ ਹੱਕ ਵਿੱਚ ਦਿੱਤੀਆਂ ਪੁਰਾਤਨ ਵਿਦਵਾਨ ਸਿੱਖਾਂ ਦੀਆਂ ਇਹ ਚਾਰ ਗਵਾਹੀਆਂ ਹਨ।



ਉਪਰੋਕਤ ਤਾਲਿਕਾ ਵਿੱਚ ਦਰਸਾਇਆ ਗਿਆ ਹੈ ਕਿ ਚਾਰ ਮਹੱਤਵਪੂਰਨ ਪੁਰਾਤਨ ਬੀੜਾਂ ਦੇ ਬਾਣੀ-ਕ੍ਰਮ ਵਿੱਚ ਭਾਰੀ ਅੰਤਰ ਸੀ। ਇਸ ਦਾ ਕਾਰਨ ਸਪੱਸ਼ਟ ਹੈ ਕਿ ਕਿਸੇ ਇਕ ਲਿਖਾਰੀ ਨੂੰ ਆਪਣੀ ਬੀੜ ਸੰਪਾਦਤ ਕਰਨ ਵੇਲੇ ਤਿੰਨ ਵਰਣਿਤ ਬੀੜਾਂ ਵਿੱਚੋਂ ਕੋਈ ਇਕ ਵੀ ਉਪਲਬਧ ਨਹੀਂ ਸੀ, ਭਾਵ ਚਾਰੇ ਬੀੜਾਂ ਦੀ ਸੰਪਾਦਨਾ ਇਕ-ਦੂਜੀ ਤੋਂ ਪੂਰੀ ਤਰ੍ਹਾਂ ਸੁਤੰਤਰ ਹੋਈ ਹੈ? ਚੌਹਾਂ ਦੇ ਸਾਹਮਣੇ ਬਾਣੀਆਂ ਦੇ ਸ੍ਰੋਤ ਵੀ ਵੱਖ-ਵੱਖ ਸਨ। ਕੀ ਇਹ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਪੁਰਾਤਨ ਸਿੱਖ ਇਹਨਾਂ ਸਾਰੀਆਂ ਰਚਨਾਵਾਂ ਨੂੰ ਗੁਰੂ-ਕ੍ਰਿਤ ਜਾਣਦੇ ਸਨ? ਸ੍ਰੋਤ ਵੱਖ-ਵੱਖ ਹੋਣ ਦੇ ਬਾਵਜੂਦ ਇਨ੍ਹਾਂ ਬਾਣੀਆਂ ਅੰਦਰ ਆਏ ਪਦਾਂ ਦੀ ਗਿਣਤੀ ਵਿੱਚ ਕੋਈ ਮੂਲ ਅੰਤਰ ਨਹੀਂ ਹੈ। ਕੁਝ ਲੋਕ ਇਹ ਇਤਰਾਜ਼ ਕਰ ਸਕਦੇ ਹਨ ਕਿ ਕੁਝ ਬੀੜਾਂ ਵਿੱਚ *ਸੰਸਾਹਰ ਸੁਖਮਨਾ*, *ਭਗਵੰਤ ਗੀਤਾ* ਆਦਿ ਅਪ੍ਰਮਾਣਿਕ ਬਾਣੀਆਂ ਵੀ ਗੁਰੂ ਜੀ ਦੀ ਰਚਨਾ ਕਹੀਆਂ ਗਈਆਂ ਹਨ, ਪਰ ਇਹ ਸਥਿਤੀ ਤਾਂ *ਗੁਰੂ ਗ੍ਰੰਥ ਸਾਹਿਬ* ਨਾਲ ਵੀ ਸੀ। *ਰਤਨ ਮਾਲਾ*, *ਬਾਇ ਆਤਿਸ ਸਲੋਕ*, *ਰਾਹ ਮੁਕਾਮ ਕੀ ਸਾਖੀ*, *ਕਾਜੀ ਰੁਕਨਦੀਨ ਅਤੇ ਗੁਰੂ ਨਾਨਕ ਦੇਵ ਜੀ ਦੀ ਚਰਚਾ*, *ਪ੍ਰਾਨਸੰਗਲੀ* ਆਦਿ ਰਚਨਾਵਾਂ ਗੁਰੂ-ਕ੍ਰਿਤ ਦੱਸੀਆਂ ਜਾਂਦੀਆਂ ਰਹੀਆਂ ਹਨ, ਪਰ ਇਸ ਕਾਰਨ ਸਾਰੇ *ਗੁਰੂ ਗ੍ਰੰਥ ਸਾਹਿਬ* ਉੱਤੇ ਸੰਦੇਹ ਤਾਂ ਨਹੀਂ ਕੀਤਾ ਜਾ ਸਕਦਾ।

*ਦਸਮ ਗ੍ਰੰਥ* ਦੇ ਵਿਰੋਧੀਆਂ ਅਨੁਸਾਰ ਇਸ ਗ੍ਰੰਥ ਵਿੱਚ ਕਾਲ-ਭੰਗ ਦੋਸ਼ ਸਿੱਧ ਹੁੰਦਾ ਹੈ, ਜੋ ਗੁਰੂ ਜੀ ਤੋਂ ਸੰਭਵ ਨਹੀਂ ਹੈ। ਸ੍ਰ. ਸ਼ਮਸ਼ੇਰ ਸਿੰਘ 'ਅਸ਼ੋਕ' ਇਸ ਸਬੰਧੀ ਹੇਠਲੇ ਪਦ ਦਾ ਪ੍ਰਮਾਣ ਵੀ ਦੇਂਦੇ ਹਨ—

***ਸ੍ਰੀ ਰਘੁ-ਰਾਜ ਰਾਜ ਜਗ ਕੀਨਾ।***
***ਅਤ੍ਰ ਪਤ੍ਰ ਸਿਰ ਢਾਰ ਨਵੀਨਾ।***
***ਨਿਸਾ ਤਾਸ ਨਿਸ ਨਾਥ ਪਛਾਨਾ। ਦਿਨਕਰ ਤਾਹਿ ਦਿਵਸ ਅਨੁਮਾਨਾ।***
***ਸੰਨਿਆਸਨ ਦੱਤ ਰੂਪ ਕਰ ਜਾਨਯੰ। ਜੋਗਿਨ ਗੁਰੂ ਗੋਰਖ ਕਰ ਮਾਨਯੰ।***
***ਰਾਮਾਨੰਦ ਬੈਰਾਗਨਿ ਜਾਨਾ। ਮਹਾਦੀਨ ਤੁਰਕਨਿ ਪਹਿਚਾਨਾ।***

***(ਚੱਲਦਾ.....)***